# ਨਿੰਬੂਜ਼ਾ 'ਪੇਚਾ ਭੰਗੜੇ ਦਾ' ਨੱਚਦਾ ਪੰਜਾਬ ਕਲਚਰ ਸੁਸਾਇਟੀ ਅਤੇ ਮਹਿੰਦਰਾ ਕਾਲਜ ਨੇ ਜਿੱਤਿਆ

ਲੁਧਿਆਣਾ, 9 ਮਈ (ਕਿਸ਼ਨ ਬਾਲੀ/ਦੀਪਕ ਸਹਿਗਲ) : ਸੱਭ ਤੋਂ ਵੱਡੀ ਪ੍ਰਤਿਭਾ ਖੋਜ 'ਚੋਂ ਇਕ ਨਿੰਬੂਜ਼ਾ 'ਪੇਚਾ ਭੰਗੜੇ ਦਾ' ਦੀ ਸਮਾਪਤੀ ਗ੍ਰੈਂਡ ਫ਼ਿਨਾਲੇ ਨਾਲ ਜੀ.ਆਰ.ਡੀ.ਅਕੈਡਮੀ ਵਿਚ ਹੋਈ।

ਮਹੀਨਾ ਚੱਲੇ ਇਨ੍ਹਾਂ ਮੁਕਾਬਲਿਆਂ ਵਿਚ 2500 ਪ੍ਰਤੀਯੋਗੀਆ ਨੇ ਭਾਗ ਲਿਆ। ਬਾਬਾ ਕਰਤਾਰ ਸਿੰਘ ਸਕੂਲ ਲੁਧਿਆਣਾ, ਗੁਰੂ ਨਾਨਕ ਪਬਲਿਕ ਸਕੂਲ ਪਟਿਆਲਾ, ਨੱਚਦਾ ਪੰਜਾਬ ਕਲਚਰ ਸੁਸਾਇਟੀ ਹੁਸ਼ਿਆਰਪੁਰ, ਸ੍ਰੀ ਚੰਦ ਪਬਲਿਕ ਸਕੂਲ ਜਲੰਧਰ, ਭੰਗੜਾ ਨੈਸ਼ਨਲ ਫੋਕ ਡਾਂਸ ਲੁਧਿਆਣਾ ਤੇ ਮਹਿੰਦਰਾ ਕਾਲਜ ਪਟਿਆਲਾ ਸੀ ਦੀਆਂ ਟੀਮਾਂ ਨੇ ਇਸ ਮੁਕਾਬਲੇ ਵਿਚ ਭਾਗ ਲਿਆ। ਜੱਜ ਦੀ ਭੂਮਿਕਾ ਸੁਖਵਿੰਦਰ ਸੁੱਖੀ, ਜਸਵਿੰਦਰ ਸਿੰਘ ਕੁਨਰ, ਡਾਲੀ ਮਲਕਿਅਤ, ਬਲਕਾਰਨ ਬਰਾੜ, ਅਜੈ ਸ਼ਰਮਾ ਤੇ ਪੰਮੀ ਬਾਈ ਨੇ ਨਿਭਾਈ। ਮੁਕਾਬਲੇ ਦੌਰਾਨ ਪੰਮੀ ਬਾਈ ਨੇ ਅਪਣਾ ਪ੍ਰੋਗਰਾਮ ਵੀ ਪੇਸ਼ ਕੀਤਾ।

ਜੱਜਾਂ ਵਲੋਂ ਨੱਚਦਾ ਪੰਜਾਬ ਕਲਚਰ ਸੁਸਾਇਟੀ ਤੇ ਮਹਿੰਦਰਾ ਕਾਲਜ ਪਟਿਆਲਾ ਨੂੰ ਜੇਤੂ ਐਲਾਨਿਆ। ਜਿੱਤਣ ਵਾਲੀ ਟੀਮ ਨੂੰ 1 ਲੱਖ ਰੁਪਏ ਇਨਾਮ ਵਜੋਂ ਦਿਤੇ ਗਏ। ਜਿੱਤਣ ਵਾਲਿਆਂ ਨੂੰ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਮਨਮੋਹਨ ਸਿੰਘ ਦੀ ਆਉਣ ਵਾਲੀ ਫਿਲਮ ਵਿਚ ਕੰਮ ਕਰਨ ਦਾ ਮੌਕਾ ਵੀ ਮਿਲੇਗਾ।